ਵੰਡ

ਮਾਨਯੋਗ ਚੇਅਰਮੈਨ
ਪੰਜਵਾ ਪੰਜਾਬ ਪੇਅ ਕਮਿਸ਼ਨ,
ਮਿੰਨੀ ਸਕੱਤਰੇਤ ਚੰਡੀਗੜ੍ਹ।

ਵਿਸ਼ਾ-: ਚੋਥੇ ਤਨਖਾਹ ਕਮਿਸ਼ਨ ਅਨੁਸਾਰ ਰਿਵਾਈਜਡ ਗਰੇਡਾਂ ਵਿਚ ਤਰੁਟੀਆ ਦੂਰ ਕਰਨ ਸੰਬੰਧੀ।

ਸ੍ਰੀਮਾਨ ਜੀ,

ਆਦਰ ਸਾਹਿਤ ਬੇਨਤੀ ਹੈ ਕਿ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਨੂੰ ਇੰਜੀਨੀਅਰਿੰਗ ਅਤੇ ਗੈਰ ਇੰਜੀਨੀਅਰਿੰਗ ਟਰੇਡਾ ਦੀ ਕਿੱਤਾ ਸਿਖਲਾਈ ਦੀ ਮੁੱਖ ਜਿਮੇਵਾਰੀ ਸੋਪੀ ਗਈ ਹੈ ਤਾਂ ਕਿ ਉਦਯੋਗਾ/ਸਰਵਿਸ ਸੈਕਟਰ ਦੀ ਹੁਨਰ ਮੰਦ ਕਾਮਿਆ ਦੀ ਮੰਗ ਨੂੰ ਪੂਰਾ ਕੀਤਾ ਜਾ ਸਕੇ। ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਅਧੀਨ ਇਸ ਸਮੇਂ ਜਿਹੜੀਆ ਸਰਕਾਰੀ ਅਤੇ ਗੈਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਚਲ ਰਹੀਆ ਹਨ, ਉਨਾਂ ਤੇ ਕੰਮ ਕਾਜ ਪ੍ਰਸਾਸਕੀ ਅਤੇ ਤਕਨੀਕੀ ਤੋਰ ਤੇ ਸੁਪਰਵਾਈਜ ਕਰਨ ਹਿੱਤ ਇਸ ਵਿਭਾਗ ਅਧੀਨ ਅਡੀਸ਼ਨਲ ਡਾਇਰੈਕਟਰ ਦੀ ਕੇਵਲ ਇਕੋ ਇੱਕ ਆਸਾਮੀ ਪ੍ਰਵਨਿਤ ਹੈ। ਅਡੀਸਨਲ ਡਾਇਰੈਕਟਰ ਦੀ ਆਸਾਮੀ ਮੁੱਖ ਤੋਰ ਤੇ ਉਦਯੋਗਿਕ ਸਿਖਲਾਈ ਵਿੰਗ ਨਾਲ ਸਬੰਧਤ ਸਾਰੇ ਕੰਮ ਲਈ ਇੱਕ ਕਿਸਮ ਦੀ ਵਿਭਾਗ ਦੇ ਮੁੱਖੀ ਨੂੰ ਸਮੁੱਚੇ ਤੋਰ ਤੇ ਸਹਾਇਤਾ ਦੇ ਤੋਰ ਤੇ ਹੈ।

ਇਹ ਆਸਾਮੀ ਪੰਜਾਬ ਉਦਯੋਗਿਕ ਸਿਖਲਾਈ (ਗਰੁੱਪ-ਏ) ਤਕਨੀਕੀ ਸਰਵਿਸਜ ਨਿਯਮ 2006 ਵਿਚ ਕੀਤੇ ਗਏ ਉਪਬੰਧ ਅਨੁਸਾਰ ਤਰੱਕੀ ਰਾਹੀ ਭਰੀ ਜਾਂਦੀ ਹੈ। ਇਹ ਆਸਾਮੀ ਨਿਯਮਾਂ ਵਿਚ ਕੀਤੇ ਗਏ ਉਪਬੰਧ ਅਨੁਸਾਰ 100% ਮੀਤ ਡਾਇਰੈਕਟਰ ਦੀ ਆਸਾਮੀ ਤੋ ਤਰੱਕੀ ਰਾਂਹੀ ਭਰੀ ਜਾਂਦੀ ਹੈ ਜਿਨ੍ਹਾ ਪਾਸ ਮਾਸਟਰਜ਼ ਡਿਗਰੀ ਇੰਨ ਇੰਜੀਨੀਅਰਿੰਗ ਦੀ ਯੋਗਤਾ ਹੋਵੇ ਅਤੇ ਮੀਤ ਡਾਇਰੈਕਟਰ ਦੇ ਤੋਰ ਤੇ 3 ਸਾਲ ਦਾ ਤਜਰਬਾ ਹੋਵੇ। ਮੀਤ ਡਾਇਰੈਕਟਰ ਦੀ ਅਸਾਮੀ ਵੀ 100% ਉਪ ਡਾਇਰੈਕਟਰ ਵਿਚੋ ਤਰੱਕੀ ਰਾਹੀਂ ਭਰੀ ਜਾਂਦੀ ਹੈ ਜਿਨ੍ਹਾਂ ਕੋਲ ਮਾਸਟਰ ਡਿਗਰੀ ਇੰਨ ਇੰਜੀਨੀਅਰਿੰਗ ਦੀ ਯੋਗਤਾ ਦੇ ਨਾਲ ਘੱਟੋ ਘੱਟ 3 ਸਾਲ ਦਾ ਤਜਰਬਾ ਹੋਵੇ।ਇਸ ਤਰ੍ਹਾਂ ਅਡੀਸਨਲ ਡਾਇਰੈਕਟਰ ਦੀ ਆਸਾਮੀ ਤੇ ਤਰੱਕੀ ਲਈ ਉਪ ਡਾਇਰੈਕਟਰ/ਮੀਤ ਡਾਇਰੈਕਟਰ ਦੀ ਆਸਾਮੀ ਤੇ ਕੁਲ 6 ਸਾਲ ਦਾ ਤਜਰਬਾ ਨਿਰਧਾਰਤ ਕੀਤਾ ਹੋਇਆ ਹੈ।

ਰਾਜ ਸਰਕਾਰ ਦੇ ਧਿਆਨ ਵਿਚ ਲਿਆਦਾ ਜਾਦਾ ਹੈ ਕਿ ਚੋਥੇ ਤਨਖਾਹ ਕਮਿਸ਼ਨ ਦੀਆਂ ਸਿਫਾਰਸਾਂ ਲਾਗੂ ਹੋਣ ਤੋਂ ਪਹਿਲਾ ਭਾਵ 1-1-96 ਤੋਂ ਪਹਿਲਾ ਅਡੀਸ਼ਨਲ ਡਾਇਰੈਕਟਰ ਉਦਯੋਗਿਕ ਸਿਖਲਾਈ ਦੀ ਆਸਾਮੀ ਦਾ ਤਨਖਾਹ ਸਕੇਲ 4125-5600 ਦਾ ਸੀ, ਜਦ ਕਿ ਇਸੇ ਵਿਭਾਗ ਦੇ ਤਕਨੀਕੀ ਸਿਖਿਆ ਵਿੰਗ ਅਧੀਨ ਸਰਕਾਰੀ ਬਹੁਤ ਤਕਨੀਕੀ ਸੰਸਥਾਵਾਂ ਦੇ ਪ੍ਰਿੰਸੀਪਲ ਦਾ ਤਨਖਾਹ ਸਕੇਲ ਵੀ 4125-5600 ਦਾ ਹੀ ਸੀ। ਇਸ ਉਪਰੰਤ ਮਿਤੀ 1-1-1996 ਤੋਂ ਚੋਥੇ ਤਨਖਾਹ ਕਮਿਸ਼ਨ ਵਲੋ ਪ੍ਰਿੰਸੀਪਲ ਸਰਕਾਰੀ ਬਹੁ ਤਕਨੀਕੀ ਸੰਸਥਵਾ ਦਾ ਤਨਖਾਹ ਸਕੇਲ 14300-18600 ਰਿਵਾਈਜ ਕੀਤਾ ਗਿਆ, ਜਦ ਕਿ ਅਡੀਸ਼ਨਲ ਡਾਇਰੈਕਟਰ ਉਦਯੋਗਿਕ ਸਿਖਲਾਈ ਦੀ ਆਸਾਮੀ ਦੇ ਤਨਖਾਹ ਸਕੇਲ ਦਾ ਜਿਕਰ ਨਹੀ ਸੀ ਕੀਤਾ ਗਿਆ।ਇਸ ਅਸਾਮੀ ਦਾ ਤਨਖਾਹ ਸਕੇਲ ਕਨਵਰਸਨ ਟੇਬਲ ਅਨੁਸਾਰ ਹੀ 13500-16800 ਨਿਸਚਿਤ ਕੀਤਾ ਗਿਆ। ਅਡੀਸ਼ਨਲ ਡਾਇਰੈਕਟਰ ਉਦਯੋਗਿਕ ਸਿਖਲਾਈ ਦੀ ਆਸਾਮੀ ਲਈ ਤਕਨੀਕੀ ਯੋਗਤਾਵਾਂ/ਜਿਮੇਵਾਰੀਆ ਕਾਫੀ ਉਚੇਰੀਆ ਹਨ।ਪ੍ਰਿੰਸੀਪਲ ਬਹੁਤਕਨੀਕੀ ਸੰਸਥਾਵਾ ਵਲੋ ਕੇਵਲ ਇਕੋ ਸੰਸਥਾ/ਪੋਲੀਟੈਕਨਿਕ ਨੂੰ ਹੀ ਸੁਪਰਵਾਈਜ ਕਰਨਾ ਹੁੰਦਾ ਹੈ ਜੋ ਕਿ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਮੁੱਖੀ ਅਧੀਨ ਹੀ ਤਕਨੀਕੀ ਸਿਖਿਆ ਵਿੰਗ ਵਿਚ ਵੱਖ ਵੱਖ ਸੰਸਥਾਵਾ ਤੇ ਕੰਮ ਕਰਦੇ ਹਨ ਜਦ ਕਿ ਅਡੀਸ਼ਨਲ ਡਾਇਰੈਕਟਰ ਉਦਯੋਗਿਕ ਸਿਖਲਾਈ ਪਾਸ ਪੰਜਾਬ ਦੀਆ ਸਾਰੀਆ ਸਰਕਾਰੀ/ਗੈਰ ਸਰਕਾਰੀ ਸੰਸਥਾਵਾ (ਜਿਨਾ ਦੀ ਗਿਣਤੀ ਇਸ ਵੇਲੇ 275 ਤੋਂ ਉਪਰ ਹੈ) ਨੂੰ ਤਕਨੀਕੀ/ਪ੍ਰਸਾਸਕੀ ਤੋਰ ਤੇ ਸੁਪਰਵਾਈਜ ਕਰਨ ਦੇ ਨਾਲ ਨਾਲ ਸਮੇਂ ਦੀ ਲੋੜ ਅਨੁਸਾਰ ਕੋਰਸਾਂ/ ਟਰੇਡਾ ਨੂੰ ਰਿਵਾਈਜ/ਅਪਡੇਟ ਕਰਵਾਉਣ ਦਾ ਇਕ ਮਹੱਤਵਪੂਰਣ ਕੰਮ ਹੈ। ਇਸ ਤਰਾਂ ਚੋਥੇ ਤਨਖਾਹ ਕਮਿਸਨ ਵਲੋ ਅਡੀਸਨਲ ਡਾਇਰੈਕਟਰ ਉਦਯੋਗਿਕ ਸਿਖਲਾਈ ਦੀ ਆਸਾਮੀ ਲਈ ਨਿਰਧਾਰਤ ਰਿਵਾਈਜਡ ਗਰੇਡ ਇਕ ਬੜਾ ਵੱਡਾ ਵਿਤਕਰਾ ਹੀ ਨਹੀ ਸਗੋ ਇਨਸਾਫ ਦੇ ਪਖੋ ਵੀ ਠੀਕ ਨਹੀ।

ਅਨੁਸਾਰ ਉਦਯੋਗਿਕ ਸਿਖਲਾਈ ਵਿਭਾਗ ਦੀ ਅਡੀਸ਼ਨਲ ਡਾਇਰੈਕਟਰ ਦੀ ਆਸਾਮੀ ਤੋ ਘੱਟ ਜਾਂ ਬਰਾਬਰ ਰਿਹਾ ਹੈ-:

| | ਅਡੀਸਨਲ ਡਾਇਰੈਕਟਰ ਉਦੌਂਯਗਿਕ ਸਿਖਲਾਈ ਦੀ ਆਸਾਮੀ ਦਾ ਸਮੇਂ ਸਮੇਂ ਤੇ ਰਿਵਾਈਜਡ ਗਰੇਡ ਦਾ ਵੇਰਵਾ | ਪ੍ਰਿੰਸੀਪਲ ਸਰਕਾਰੀ ਬਹੁਤਕਨੀਕੀ ਸੰਸਥਾਵਾਂ ਦੀਆ ਆਸਾਮੀਆ ਦਾ ਸਮੇਂ ਸਮੇਂ ਤੇ ਰਿਵਾਈਜਡ ਗਰੇਡ ਦਾ ਵੇਰਵਾ |
|---|---|---|
| ਮਿਤੀ | ਗਰੇਡ | ਗਰੇਡ |
| 1-2-1968 | 1600-1800 | 1250-1500 |
| 1-1-1978 | 2000-2400 | 1775-2200 |
| 1-1-1986 | 4125-5600 | 4125-5600 |
| 1-1-1996 | 13500-16800 | 14300-18600 |

ਪਰੰਤੂ ਹੁਣ ਉਦਯੋਗਕ ਸਿਖਲਾਈ ਵਿਭਾਗ ਵਿਚ ਪ੍ਰਵਾਨਿਤ ਅਡੀਸਨਲ ਡਾਇਰੈਕਟਰ ਦੀ ਆਸਾਮੀ ਦਾ ਤਨਖਾਹ ਸਕੇਲ ਚੌਥੇ ਤਨਖਾਹ ਕਮਿਸ਼ਨ ਵਲੋ 4125-5600 ਤੋ 13500-16800 ਕਰ ਦਿੱਤਾ ਗਿਆ ਹੈ ਅਤੇ ਤਕਨੀਕੀ ਸਿਖਿਆ ਵਿਭਾਗ ਵਿਚ ਪ੍ਰਿੰਸੀਪਲ ਸਰਕਾਰੀ ਬਹੁਤਕਨੀਕੀ/ਅਡੀਸਨਲ ਡਾਇਰੈਕਟਰ (ਤਕਨੀਕੀ ਸਿਖਿਆ) ਦਾ ਤਨਖਾਹ ਸਕੇਲ 4125-5600 ਤੋਂ 14300-18600 ਕਰ ਦਿੱਤਾ ਹੈ। ਇਸ ਵਿਭਾਗ ਦੇ ਨੋਟੀਫਾਈਡ(ਨਿਯਮਾਂ ਵਿਚ ਯੋਗਤਾਵਾ/ਤਜਰਬਾ ਵੀ ਅਡੀਸਨਲ ਡਾਇਰੈਕਟਰ (ਉ:ਸਿ) ਦੀ ਜਿਆਦਾ ਹੈ (ਨਿਯਮਾ ਦੀ ਕਾਪੀ ਨੱਥੀ ਹੈ)

ਇਸਨੂੰ ਧਿਆਨ ਵਿਚ ਰੱਖਦੇ ਹੋਏ ਰਾਜ ਸਰਕਾਰ ਵਲੋ ਗਠਿਤ ਅਨਾਮਲੀ ਕਮੇਟੀ ਵਲੋ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਲਈ, ਹਰ ਪੱਖ ਨੂੰ ਸੁਨਣ ਅਤੇ ਵਿਚਾਰਣ ਉਪਰੰਤ ਹੇਠ ਲਿਖੇ ਅਨੁਸਾਰ ਆਪਣੀਆ ਸਿਫਾਰਸ਼ਾ ਦਿੱਤੀਆ ਸਨ:-

"Department of Technical Education & Industrial Training

i) Lecturer,Senior Lecturer,Head of Department and Principal

It is recommended that the recommendation of AICTE may be made applicable to these posts of Technical Education Department.It is also recommended that recommendations of AICTE may also be made applicable to similar or equivalent categories of posts existing in Idustrial Training Department as the same is a Sister Department."

ਅਨਾਮਲੀ ਕੇਮਟੀ ਦੀਆਂ ਸਿਫਾਰਸਾ ਦੇ ਸਨਮੁੱਖ ਅਤੇ ਉਪਰੋਕਤ ਦਰਸਾਈ ਗਈ ਸਥਿਤੀ ਅਨੁਸਾਰ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਉਦਯੋਗਿਕ ਸਿਖਲਾਈ ਵਿਭਾਗ ਦੇ ਲਈ ਅਡੀਸ਼ਨਲ ਡਾਇਰੈਕਟਰ(ਉਦਯੋਗਿਕ ਸਿਖਲਾਈ) ਦੀ ਇਕੋ ਇੱਕ ਪ੍ਰਵਾਨਤ ਆਸਾਮੀ ਹੋਣ ਕਰਕੇ ਅਤੇ ਇਸ ਆਸਾਮੀ ਦੇ ਵਰਕ ਲੋਡ ਨੂੰ ਮੁੱਖ ਰੱਖਦੇ ਹੋਏ ਵਿਭਾਗ ਵਲੋ ਜਿਹੜੀ ਤਜਵੀਜ ਸਰਕਾਰ ਦੇ ਆਦੇਸਾ ਅਨੁਸਾਰ ਤਰੁੱਟੀਆ ਦੂਰ ਕਰਨ ਲਈ ਸਾਲ 2001 ਵਿਚ ਭੇਜਦੇ ਹੋਇਆ ਇਸ ਆਸਾਮੀ ਲਈ ਰਿਵਾਈਜਡ ਗਰੇਡ 16350-20100 ਦੀ ਮੰਗ ਕੀਤੀ ਹੋਈ ਹੈ ਉਸ ਤੇ ਵਿਚਾਰ ਕਰਨ ਉਪਰੰਤ ਇਹ ਗਰੇਡ ਮਿਤੀ 1-1-1996 ਤੋਂ ਲਾਗੂ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜਾਂ ਘੱਟੋ ਘਟ 14300-18600 ਦਾ ਗਰੇਡ ਜੋ ਪ੍ਰਿੰਸੀਪਲ ਪੋਲੀਟੇਕਨਿਕ/ਅਡੀਸ਼ਨਲ ਡਾਇਰੈਕਟਰ (ਤ.ਸਿ.) ਨੂੰ ਦਿੱਤਾ ਗਿਆ ਹੈ, ਦਿੱਤਾ ਜਾਵੇ ਤਾਂ ਕਿ ਚਲੀ ਆ ਰਹੀ ਤਰੁਟੀ ਦੂਰ ਹੋ ਸਕੇ ਜੀ।

ਧੰਨਵਾਦ ਸਾਹਿਤ।

ਵਿਸਵਾਸ ਪਾਤਰ,

Khdh 25-9-08

ਅਡੀਸਨਲ ਡਾਇਰੈਕਟਰ (ਉ:ਸਿ)
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।